# ਯੀਸ਼ੂ ਨੇ ਕਹਾਣੀ ਦਾ ਇਸਤਮਾਲ ਕਰਕੇ ਸਾਨੂੰ ਦਿਖਾਇਆ ਕਿ ਪਰਮੇਸ਼ਵਰ ਨੂੰ ਕੀ ਪਸੰਦ ਹੈ

ਜਿਹੜੇ ਬੱਚਿਆਂ ਨੂੰ ਪੜ੍ਹਾਂਦੇ ਹਨ ਉਹ ਪੜ੍ਹਨ ਪੜ੍ਹਾਈ S7b

**1. ''ਯੀਸ਼ੂ'' ਦੀਆਂ ਕਹਾਣੀਆਂ ਵਿੱਚੋ, ਪਰਮੇਸ਼ਵਰ ਬਾਰੇ ਸਿੱਖਣ ਲਈ ਆਪਣੇ ਦਿਲਾਂ ਨੂੰ ਤਿਆਰ ਕਰੋ।**

''ਪਿਆਰੇ ਪਿਤਾ, ਤੁਹਾਡਾ ਧੰਨਵਾਦ ਹੈ ਕਿ ਤੁਸੀ ਯੀਸ਼ੂ ਨੂੰ ਭੇਜਿਆ ਕਿ ਇਸ ਸੰਸਾਰ ਲਈ ਸ਼ੁੱਭ ਸੰਦੇਸ਼ ਦੇਕੇ ਆਏ। ਤੁਹਾਡਾ ਧੰਨਵਾਦ ਉਹਦੀਆਂ ਕਹਾਣੀਆਂ ਲਈ ਜਿਹੜੀਆਂ ਸਾਨੂੰ ਤੁਹਾਡੇ ਸੁਨੇਹੇ ਨੂੰ ਸਮਝਣ ਲਈ ਮਦਦ ਕਰਦੀਆ ਹਨ। ਸਾਡੀ ਮਦਦ ਕਰੋ ਕਿ ਅਸੀ ਤੇਰੀਆ ਇਹ ਅਦਭੁੱਤ ਕਹਾਣੀਆ ਦੂਜੇ ਲੋਕਾਂ ਨੂੰ ਦੱਸੀਏ।''

ਯੀਸ਼ੂ ਸੰਸਾਰ ਦਾ ਬਹੁਤ ਅਸਰਦਾਰ ਸੰਦੇਸ਼ਵਾਹਕ ਸੀ। ਉਹ ਆਪਣੇ ਸੰਦੇਸ਼ ਨੂੰ ਲੋਕਾਂ ਦੀ ਸਮਝ ਵਾਸਤੇ ਮੱਦਦ ਕਰਨ ਲਈ ਦਿਸ਼ਟਾਤਾ ਵਿੱਚ, ਆਮ ਉਦਾਹਰਣਾ ਦੇਂਦਾ ਸੀ, ਰੋਜਾਨਾ ਦੀਆਂ ਗਤੀਵਿਧੀਆਂ ਆਮ ਲੋਕਾਂ ਦੀਆਂ ਕਹਾਣੀਆ ਨੂੰ ਯੀਸ਼ੂ ਇਸ ਵਾਸਤੇ ਇਸਤੇਮਾਲ ਕਰਦਾ ਸੀ, ਕਿਉਕਿ ਉਹ ਲੋਕਾਂ ਨੂੰ ਬੜੇ ਅਰਾਮ ਨਾਲ ਸਮਝ ਆਉਦੀਆਂ ਸਨ। ਯਾਦ ਰੱਖਣ ਵਿੱਚ ਅਤੇ ਦੂਜਿਆ ਨਾਲ ਵੰਡਣ ਵਾਸਤੇ ਵੀ ਉਹਦੀਆਂ ਕਹਾਣੀਆਂ ਸੱਚਾਈ ਦੀਆਂ ਖਬਰਾਂ ਸਨ, ਜਿੰਨ੍ਹਾਂ ਨੂੰ ਲੋਕੀ ਲੱਭਦੇ ਸਨ, ਇੰਨ੍ਹਾਂ ਦੇ ਲਾਭਯੋਗ ਹੋਣ ਤੇ ਉਹ ਬੜੇ ਅਰਾਮ ਨਾਲ ਉਨ੍ਹਾਂ ਦੇ ਪਰਿਵਾਰਾਂ ਅਤੇ ਮਿੱਤਰਾਂ ਤੱਕ ਪਹੁੰਚਾ ਸਕਦੇ ਸਨ। ਸ਼ੁੱਭ ਸਮਾਚਾਰ ਬੜੀ ਛੇਤੀ ਨਾਲ ਯਹੂਦੀਆਂ ਦੇ ਵਿਚਕਾਰ ਫੈਲ ਗਿਆ। ਇਥੇ ਕੁੱਝ ਸੱਚਾਈਆਂ ਹਨ, ਜਿਹੜੀਆਂ ਸਾਨੂੰ ਯੀਸ਼ੂ ਦੀਆਂ ਕਹਾਣੀਆ ਨੂੰ, ਪਰਗਟ ਕਰਦੀਆਂ ਹਨ।



- ਪਰਮੇਸ਼ਵਰ ਅਕਸਰ ਕੰਮਾ ਨੂੰ ਚਮਤਕਾਰੀ ਤਰੀਕਿਆਂ ਵਿੱਚ ਕਰਦਾ ਹੈ। ''ਯੀਸ਼ੂ'' ਦੀਆਂ ਕਹਾਣੀਆਂ ਦੇ ਚਮਤਕਾਰਾਂ ਦੀ ਤੁਲਨਾ ਇੱਕ ਪੌਦੇ (ਬੂਟੇ) ਦੇ ਵਧਣ ਨਾਲ ਅਤੇ ਹੋਰ ਦੂਜਿਆਂ ਚੀਜ਼ਾਂ, ਜਿੰਨ੍ਹਾਂ ਨੂੰ ਲੋਕ ਅਰਾਮ ਨਾਲ ਸਮਝ ਸਕਦੇ ਹਨ ਕੀਤੀ ਗਈ ਹੈ।
- ਪਰਮੇਸ਼ਵਰ ਉਨ੍ਹਾਂ ਲੋਕਾਂ ਨਾਲ ਕੰਮ ਕਰਦਾ ਹੈ, ਜਿਹੜੇ ਆਦਮੀ ਸੋਚਦੇ ਹਨ ਕਿ ਉਹ ਕਮਜ਼ੋਰ ਜਾ ਮਹੱਤਵਪੂਰਨ ਨਹੀਂ ਹਨ।
- ਯੀਸ਼ੂ ਦਾ ''ਸੰਦੇਸ਼'' ਬਹੁਤ ਧਰਮਾਂ ਦੇ ਸੰਦੇਸ਼ ਵਰਗਾ ਨਹੀ ਸੀ ਸਗੋਂ, ਇਹ ਨਿਰਮਲ ਅਤੇ ਸ਼ਕਤੀ ਦਾਇਕ ਸੀ।
- ਯੀਸ਼ੂ ਨੇ ਦੱਸਿਆ ਕਿ ਪਰਮੇਸ਼ਵਰ ਸਾਨੂੰ ਭਾਲਦਾ ਹੈ ਕਿਉਂਕਿ ਉਹ ਸਾਨੂੰ ਸਾਡੇ ਪਾਪਾਂ ਤੋਂ ਬਚਾਉਣਾ ਚਾਹਦਾ ਹੈ।
- ਪਰਮੇਸ਼ਵਰ ਸਾਨੂੰ ਯੀਸ਼ੂ ਦੇ ਦੁਆਰਾ ਬਚਾਉਣਾ ਚਾਹੁੰਦਾ ਹੈ, ਜਦੋ ਅਸੀ ਉਸ ਤੇ ਵਿਸ਼ਵਾਸ ਕਰਕੇ, ਪਛਤਾਵਾ ਕਰਦੇ ਹਾਂ।
- ਪਰਮੇਸ਼ਵਰ ਨੇ ਸਾਨੂੰ ਕੰਮ ਕਰਨ ਲਈ ਦਿੱਤਾ ਹੈ। ਉਹ ਚਾਹੁੰਦਾ ਹੈ ਕਿ ਅਸੀ ਉਹਦੀ ਸੇਵਾ ਆਨੰਦ ਨਾਲ ਕਰੀਏ ਨਾ ਕਿ ਕਿਸੇ ਡਰ ਦੇ ਕਾਰਣ।
- ਪਰਮੇਸ਼ਵਰ ਉਨ੍ਹਾਂ ਨੂੰ ਮਹਾਨ ਇਨਾਮ (ਫਲ) ਦੇਵੇਗਾ ਜਿਹੜੇ ਉਹਦੀ ਸੇਵਾ ਕਰਦੇ ਹਨ ਅਤੇ ਜਿਹੜੇ ਉਹਦਾ ਵਿਰੋਧ ਕਰਦੇ ਹਨ ਉਨ੍ਹਾਂ ਨੂੰ ਸਜ਼ਾ ਦੇਵੇਗਾ।

ਬੇਨਤੀ ਕਰਕੇ ਇੰਨ੍ਹਾਂ ਛੇ ਉਦਾਹਰਣਾ ਨੂੰ ਪੜ੍ਹੋ ਜਿਹੜੀਆਂ ਕਹਾਣੀਆਂ ਨੂੰ ਯੀਸ਼ੂ ਨੇ ਆਪਣੇ ਰਾਜ ਦੀਆਂ ਸਚਾਈਆਂ ਪਰਗਟ ਕਰਨ ਦੇ ਬਾਰੇ ਵਿੱਚ। ਹਰੇਕ ਸਮੇਂ ਜਦੋ ਤੁਸੀ ਇਹ ਕਹਾਣੀ ਪੜ੍ਹੋ, ਪਰਮੇਸ਼ਵਰ ਨੂੰ ਆਖੋ ਕਿ ਉਹ ਤੁਹਾਨੂੰ ਇਹ ਸਮਝਣ ਲਈ ਅਕਲ ਬਖਸੇ,

ਉਹ ਕੀ ਚਾਹੁੰਦਾ ਹੈ ਕਿ ਤੁਸੀ ਕਰੋ? ਮੱਤੀ 13:31–35 ਵਿੱਚੋ ਲੱਭੋ, ਪਰਮੇਸ਼ਵਰ ਚਾਹੁੰਦਾ ਹੈ ਕਿ ਅਸੀ ਇਕ ਸਰੋ ਦੇ ਦਾਣੇ ਤੋਂ ਸਿੱਖੀਏ।

- ਖਮੀਰ ਅਤੇ ਸਰਸੋਂ ਦੇ ਦਾਣੇ ਨੂੰ ਕਿਸ ਤਰ੍ਹਾਂ ਪੇਸ਼ ਕਰਦੇ ਹਨ।
- ਪਰਮੇਸ਼ਵਰ ਦਾ ਰਾਜ ਕਿਵੇਂ ਸ਼ੁਰੂ ਹੁੰਦਾ ਹੈ, ਅਤੇ ਕੀ ਹੁੰਦਾ ਹੈ, ਜਿਵੇਂ ਹੀ ਇਹ ਵਧਦਾ ਹੈ?

ਲੂਕਾਂ 5:36–38 ਵਿੱਚ ਲੱਭੋ ਇੱਕ ਪੁਰਾਣੇ ਕੱਪੜੇ ਅਤੇ ਇੱਕ ਪੁਰਾਣੀ ਮਸ਼ਕ ਦੀ ਕਹਾਣੀ।

- ਇੱਕ ਨਵਾਂ ਜੋੜ ਅਤੇ ਨਵੀਂ ਸਰਾਬ (ਮੈ) ਕੀ ਪੇਸ਼ ਕਰਦੀ ਹੈ?
- ਯੀਸ਼ੂ ਦਾ ਸੰਦੇਸ਼ ਕਿਸ ਤਰ੍ਹਾਂ ਦੂਜੇ ਜਾਂ ਦੂਜਿਆਂ ਪੁਰਾਣੇ ਧਰਮਾਂ ਦੇ ਸਦੇਸ਼ਾਂ ਨਾਲ ਤੁਲਨਾ ਕਰਦਾ ਹੈ?

ਲੂੱਕਾ 15:8-10 ਵਿੱਚੋ ਲੱਭੋ, ਗੁਵਾਚੇ ਸਿੱਕੇ ਦੀ ਕਹਾਣੀ।

- ਕਿਹੜੀ ਔਰਤ ਨੂੰ ਗਵਾਚਾ ਸਿੱਕਾ ਕਿਸ ਨੂੰ ਪੇਸ਼ ਕਰਦਾ ਹੈ?
- ਕਿਹੜੀ ਤੀਬਰਤਾ ਨਾਲ ਪਰਮੇਸ਼ਵਰ ਗੁਵਾਚੇ ਹੋਇਆਂ ਨੂੰ ਭਾਲਦਾ ਹੈ, ਅਤੇ ਉਹ ਕੀ ਕਰਦਾ ਹੈ, ਜਦੋ ਉਨ੍ਹਾਂ ਨੂੰ ਉਹ ਲੱਭ ਲੈਦਾਂ ਹੈ?

ਲੂੱਕਾ 18:10-14 ਵਿੱਚੋਂ, ਪਛਤਾਵਾ ਕਰਨ ਵਾਲੇ, ਚੂੰਗੀ ਲੈਣ ਵਾਲੇ ਦੀ ਕਹਾਣੀ ਵਿੱਚੋ ਲੱਭੋ।

- ਕਿਸ ਰੱਵਈਏ ਕਰਕੇ ਫਰੀਸੀ ਪਰਮੇਸ਼ਵਰ ਤੋਂ ਸੰਤੁਸ਼ਟ ਨਹੀ ਸਨ?
- ਸਾਨੂੰ ਕਿਸ ਤਰ੍ਹਾਂ ਪਰਮੇਸ਼ਵਰ ਕੋਲ ਹਾਜ਼ਰ ਹੋਣਾ ਹੈ?

ਮੱਤੀ 24:15-51 ਵਿੱਚੋ, ਇੱਕ ਵਿਸ਼ਵਾਸ ਯੋਗ ਸੇਵਕ ਦੀ ਕਹਾਣੀ ਵਿੱਚੋ ਲੱਭੋਂ।

- ਉਹ ਵਿਸ਼ਵਾਸ ਯੋਗ ਸੇਵਕ ਕਿਸ ਨੂੰ ਪੇਸ਼ ਕਰਦਾ ਹੈ, ਅਤੇ ਉਹਦੇ ਕੰਮ ਕਿਸ ਨੂੰ ਪੇਸ਼ ਕਰਦੇ ਹਨ?
- ਉਹ ਰੱਵਈਆ, ਜਿਸ ਨਾਲ ਅਸੀ ਪਰਮੇਸ਼ਵਰ ਦੀ ਸੇਵਾ ਕਰਦੇ ਹਾਂ।

ਮੱਤੀ 25:1-13 ਵਿੱਚੋ ਲੱਭੋ, ਇੱਕ ਵਿਆਹ ਦੇ ਜਸ਼ਨ ਦੀ ਕਹਾਣੀ

- ਉਹ ਜਿਹੜੇ ਮਸੀਹ ਦੀ ਸੇਵਾ, ਵਿਸ਼ਵਾਸ ਅਤੇ ਯੋਗਤਾ ਨਾਲ ਕਰਦੇ ਉਨ੍ਹਾਂ ਦੀ ਇੰਤਜਾਰੀ ਅਤੇ ਜਿਹੜੇ ਉਹਦੀ ਸੇਵਾ ਵਿੱਚ ਅਸਫਲ ਹੋ ਗਏ, ਉਨ੍ਹਾਂ ਦੀ ਇੰਤਜਾਰੀ।
- ਵਿਆਹ ਦਾ ਜਸ਼ਨ ਕਿਸ ਨੂੰ ਪੇਸ਼ ਕਰਦਾ ਹੈ (ਇਸ ਮੱਦਦ ਲਈ ਦੇਖੋ ਪ੍ਰਕਾਸ਼ ਦੀ ਪੋਥੀ 19:1-10 ਵਿੱਚ)

ਸਾਨੂੰ ਜਰੂਰ ਬਾਈਬਲ ਦੀਆਂ ਕਹਾਣੀਆਂ ਪੁਰਾਣੇ ਅਤੇ ਨਵੇ ਨੇਮ ਵਿੱਚੋ ਪਰਮੇਸ਼ਵਰ ਦੀ ਸੱਚਾਈ ਦੀ ਖਬਰ ਦੇਣ ਵਾਸਤੇ ਦੱਸਣੀਆਂ ਚਾਹੀਦੀਆਂ ਹਨ। ਕਹਾਣੀਆਂ ਨੂੰ ਪੜ੍ਹ ਸਕਦੇ, ਯਾਦ ਕਰਕੇ ਸੁਣਾ ਸੱਕਦੇ,ਗਾਂਕੇ ਵਿਖਾ ਸੱਕਦੇ ਜਾਂ ਇੱਕ ਲੜੀ ਵਿੱਚ ਪਰੋ ਕੇ ਤਸਵੀਰਾ ਨੂੰ ਦਿਖਾ ਸਕਦੇ।

## 2. ਆਪਣੇ ਸਾਥੀਆਂ ਨਾਲ ਮਿਲ ਕੇ ਹਫਤੇ ਦੇ ਦੌਰਾਨ ਕਰਨ ਵਾਲੀਆਂ ਗਤੀਵਿਧੀਆਂ ਦੀ ਯੋਜਨਾ ਬਣਾਉ।

- ਵਿਸ਼ਵਾਸੀਆਂ ਅਤੇ ਆਮ ਲੋਕਾਂ ਦੋਹਾਂ ਕੋਲ ਜਾਉ, ਜਿਨ੍ਹਾਂ ਨੇ ਹਾਲੇ ਤੱਕ ਯੀਸ਼ੂ ਨੂੰ ਨਹੀਂ ਜਾਣਿਆ। ਪੁਰਾਣੇ ਅਤੇ ਨਵੇਂ ਨੇ ਮ ਦੋਹਾਂ ਵਿੱਚ ਉਨ੍ਹਾਂ ਨੂੰ ਕਹਾਣੀਆਂ ਦੱਸ ਕੇ ਉਨ੍ਹਾਂ ਦੀਆਂ ਲੋੜਾਂ ਨੂੰ ਵੰਡਾਉ। ਆਖੋ ਪਰਮੇਸ਼ਵਰ ਤੁਹਾਨੂੰ ਦੱਸਦਾ ਹੈ, ਕਿਵੇਂ ਤੁਸੀਂ ਅਤੇ ਉਨ੍ਹਾਂ ਨੂੰ ਜਿਹੜੇ ਕਹਾਣੀਆਂ ਨੂੰ ਸੁਣ ਕੇ ਇਨ੍ਹਾਂ ਨੂੰ ਸੱਚਾਈ ਨਾਲ ਅਭਿਆਸ ਕਰਨ, ਜਿੰਨ੍ਹਾਂ ਨੂੰ ਇਹ ਕਹਾਣੀਆਂ ਸੁਣਾਈਆਂ ਜਾਦੀਆਂ ਹਨ।
- ਉਨ੍ਹਾਂ ਨਾਲ ਮਿਲੋ ਜਿਹੜੇ ਬੱਚਿਆਂ ਨੂੰ ਸਿਖਾਂਦੇ ਹਨ, ਉਨ੍ਹਾਂ ਦੀ ਮਦਦ ਕਰਨੀ, ਕਹਾਣੀਆਂ ਦੱਸਣ ਦੇ ਤਰੀਕੇ ਦੀ ਯੋਜਨਾ ਵਿੱਚ, ਜਿਵੇ ਯੀਸ਼ੂ ਕਹਿੰਦਾ ਸੀ, ਅਤੇ ਹੋਰ ਦੂਜੀਆਂ ਬਾਈਬਲ ਦੀਆਂ ਕਹਾਣੀਆਂ ਬੱਚੇ ਇੰਨ੍ਹਾਂ ਨੂੰ ਦੁਹਰਾਉਣ, ਨਾਟਕ ਤਿਆਰ ਕਰਨ ਜਾ ਕਹਾਣੀਆ ਦੇ ਗੀਤ। ਇੰਨ੍ਹਾਂ ਦੀਆਂ ਤਸਵੀਰਾਂ ਬਣਾ ਕੇ ਅਤੇ ਕਵਿਤਾਵਾਂ ਇੰਨ੍ਹਾਂ ਬਾਰੇ ਲਿਖ ਸਕਦੇ ਹਨ।
- ਆਪਣੇ ਸਾਥੀਆਂ ਨਾਲ ਸਲਾਹ ਮਸ਼ਵਰਾ ਕਰੋ ਕਿ ਉਹ ਕਿਵੇਂ ਬਾਈਬਲ ਦੀਆਂ ਕਹਾਣੀਆਂ ਨੂੰ ਸਿਖਾਣ ਅਤੇ ਦੂਜਿਆਂ ਨੂੰ ਯੀਸ਼ੂ ਬਾਰੇ ਦੱਸਣ ਵਿੱਚ ਇਸਤਮਾਲ ਕਰਦੇ ਹਨ। ਉਨ੍ਹਾਂ ਕਹਾਣੀਆਂ ਨੂੰ ਚੁਣੋ ਜਿਹੜੀਆਂ ਚੰਗੀ ਤਰ੍ਹਾਂ ਤੁਹਾਡੇ ਸੱਭਿਆਚਾਰ ਦੇ ਲੋਕਾਂ ਸ਼ੁੱਭ- ਸੰਦੇਸ਼ ਨੂੰ ਸਮਝਾਉਣ ਦੀ ਕੋਸ਼ਿਸ ਕਰਨ। ਸਿੱਖਿਆ ਦੇਣ ਵਾਲੀ ਸਮਗਰੀ ਅਤੇ ਧਰਮ ਪ੍ਰਚਾਰ ਦੇ ਹਥਿਆਰ ਇਸਤਮਾਲ ਕਰੋ ਅਤੇ ਬਾਈਬਲ ਦੀਆਂ ਕਹਾਣੀਆਂ ਦੱਸੋ।
- ਕਲੀਸੀਆਂ ਦੇ ਮੈਂਬਰਾਂ ਨੂੰ ਵਿਖਾਉ ਕਿ, ਕਿਵੇਂ ਬਾਈਬਲ ਦੀਆਂ ਕਹਾਣੀਆਂ ਉਨ੍ਹਾਂ ਦੇ ਮਿੱਤਰਾਂ ਨੂੰ ਦੱਸਣੀਆਂ ਹਨ ਅਤੇ ਕਿਵੇਅਰਾਧਨਾ ਦੇ ਦੌਰਾਨ ਇੰਨਾ ਨੂੰ ਕਰਨਾ ਹੈ। ਉਨ੍ਹਾਂ ਨੂੰ ਕਹਾਣੀਆਂ ਗੀਤਾਂ, ਨਾਟਕ, ਕਵਿਤਾਵਾਂ ਅਤੇ ਤਸਵੀਰਾਂ ਰਾਹੀ ਪੇਸ਼ ਕਰਨ ਦਿਉ। ਹੁਣ ਉਨ੍ਹਾਂ ਵਿਸ਼ਵਾਸੀਆਂ ਨੂੰ ਉਹ ਜਿਹੜੇ ਕਲਾਕਾਰ ਹਨ ਤਸਵੀਰ ਬਣਾਉਣ ਕਹਾਣੀਆਂ ਨੂੰ ਸਪਸ਼ਟ ਕਰਨ ਲਈ ਮਦਦ ਕਰਨ।

## 3. ਆਪਣੇ ਸਾਥੀਆਂ ਨਾਲ ਆਉਣ ਵਾਲੀ ਅਰਾਧਨਾ ਦੀ ਯੋਜਨਾ ਬਣਾਉ।

ਇਹੋ ਜਿਹੀਆਂ ਗਤੀਵਿਧੀਆਂ ਚੁਣੋ, ਜਿਹੜੀਆਂ ਮੌਕੇ ਅਤੇ ਸਥਾਨਿਕ ਰੀਤਿ ਰਿਵਾਜ ਦੇ ਅਨੁਸਾਰ ਹੋਣ।

ਦੱਸੋ, ਜਾਂ ਕਰਕੇ ਦਿਖਾਉ, ਇੱਕ ਜਾਂ ਜਿਆਦਾ ਯੀਸ਼ੂ ਦੇ ਦ੍ਰਿਸ਼ਟਾਂਤਾ ਤੋਂ, ਜਿੰਨ੍ਹਾਂ ਦੀ ਤੁਸੀਂ ਪੜ੍ਹਾਈ ਕੀਤੀ ਹੈ। ਲੋਕਾਂ ਦੀ ਕੁਝ ਕਲਪਨਾ ਕਰਨ ਵਿੱਚ ਕਿਵੇਂ ਇਹ ਕਹਾਣੀਆਂ ਦੱਸੀਆਂ ਜਾਣ ਜੇ ਹੁਣ ਇਹ ਸਭ ਮੱਦਦ ਕਰੋ, ਤੁਹਾਡੇ ਆਪਣੇ ਸੱਭਿਆਚਾਰ ਵਿੱਚ ਵਾਪਰੀਆਂ ਹੁੰਦਾ।

ਪ੍ਰਸ਼ਨਾ ਨੂੰ ਉਨ੍ਹਾਂ ਚੀਜ਼ਾਂ ਬਾਰੇ ਪੁੱਛੋ ਜਿੰਨ੍ਹਾਂ ਨੂੰ ਤੁਸੀ ਹਿੰਸਾ (ਉੱਤੇ) ਲੱਭਿਆ ਹੈ।

ਸਮਝਾਉ, ਕਿਵੇ ਯੀਸ਼ੂ ਪਰਮੇਸ਼ਵਰ ਦੀ ਸਚਾਈ ਨੂੰ ਉਹਦੀਆਂ ਕਹਾਣੀਆਂ ਵਿੱਚ ਕਰਦਾ ਸੀ। ਸਮਝਾਉ ਕਿ ਉਨ੍ਹਾਂ ਵਿੱਚ ਕੁਝ ਸਚਾਈਆ ਹਨ।

ਪ੍ਰਭੂ ਭੋਜ ਪੇਸ਼ ਕਰਨ ਲਈ, ਮੱਤੀ 25:1–13 ਵਿੱਚੋ ਯੀਸ਼ੂ ਦੀ ਕਹੀ ਹੋਈ ਕਹਾਣੀ ਇਸਤਮਾਲ ਕਰੋ। ਸਮਝਦਾਰ ਅਤੇ ਨਾ ਸਮਝ ਕੁਆਰੀਆਂ ਬਾਰੇ, ਉਹ ਜਿਹੜੀਆਂ ਵਿਆਹ ਦੇ ਜਸ਼ਨ ਵਿੱਚ ਗਈਆਂ। ਸਮਝਾਉ ਕਿ ਪ੍ਰਭੂ ਭੋਜ ਸਾਨੂੰ ਯੀਸ਼ੂ ਨਾਲ ਉਸ ਮਹਾਨ ਵਿਆਹ ਦਾ ਸੁਆਦ ਦਿੰਦਾ ਹੈ, ਜਿਹੜਾ ਕਿ ਸੁਰਗ ਵਿੱਚ ਸਾਡਾ ਇਨਾਮ ਹੋਵੇਗਾ।

ਬੱਚਿਆਂ ਨੂੰ ਇਹ ਨਾਟਕ, ਕਵਿਤਾ ਅਤੇ ਉਹ ਪ੍ਰਸ਼ਨ ਜਿੰਨ੍ਹਾਂ ਦੀ ਉਨ੍ਹਾਂ ਨੇ ਤਿਆਰੀ ਕੀਤੀ ਸੀ, ਪੇਸ਼ ਕਰਨ ਦਿਉ।

ਦੋ ਜਾਂ ਤਿੰਨ ਲੋਕਾਂ ਦਾ ਸਮੂਹ ਬਣਾ ਕੇ ਪ੍ਰਾਥਨਾ ਕਰਨ ਅਤੇ ਇੱਕ ਦੂਜੇ ਦੀ ਰਾਇ ਨਾਲ ਆਪਣੀਆਂ ਯੋਜਨਾਵਾਂ ਨੂੰ ਪੱਕੀਆਂ ਕਰੋ। ਯੀਸ਼ੂ ਦੀਆਂ ਸੁਣਾਈਆਂ ਗਈਆਂ ਕਹਾਣੀਆਂ ਨੂੰ ਸਿੱਖਣ ਅਤੇ ਉਨ੍ਹਾਂ ਨੂੰ ਆਪਣੇ ਮਿੱਤਰ ਤੇ ਪਰਿਵਾਰਾਂ ਨੂੰ ਭੇਜਣ।

ਇੱਕਠੇ ਯਾਦ ਕਰੋ ਯਹੂੰਨਾ 8:12

Copyright 2004 © by Paul-Timothy. May be freely copied. Download from www.Paul-Timothy.net